# ਸ਼ੇਖ ਫ਼ਰੀਦ - ਸਬਦ ੧੮

## ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ ॥

## ਸਲੋਕ, ਗੁਰੂ ਅਰਜਨ, ਗੁਰੂ ਗ੍ਰੰਥ ਸਾਹਿਬ, ੧੩੮੧

ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ ॥
ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ ॥੭੫॥

ਸਾਰ: ਭਾਵੇਂ ਹਰ ਦੀਵਾ ਅੱਡ ਦਿੱਸਦਾ ਹੈ, ਪਰ ਇਸ ਵਿਚ ਬਲਦੀ ਅੱਗ ਦੀ ਵੰਡ ਨਹੀਂ ਹੋ ਸਕਦੀ। ਇਕ ਵਿਚ ਜਗਦੀ ਜੋਤ, ਰੂਪ ਅਤੇ ਗੁਣ ਕਾਰਣ ਦੂਜਿਆਂ ਨਾਲੋਂ ਭਿੰਨ ਨਹੀਂ ਹੈ; ਸਿਰਫ਼ ਦੀਵਿਆਂ ਦੇ ਰੂਪ ਅਤੇ ਬਣਤਰ ਦਾ ਹੀ ਫ਼ਰਕ ਹੈ। ਸਮੁੰਦਰ ਅਤੇ ਉਸ ਦੀਆਂ ਲਹਿਰਾਂ ਵੀ ਵੱਖਰੀਆਂ ਨਹੀਂ, ਲਹਿਰਾਂ ਅਸਥਾਈ ਹਨ, ਜਦਕਿ ਸਮੁੰਦਰ ਉਹਨਾਂ ਦਾ ਸਦੀਵੀ ਸਰੋਤ ਹੈ। ਅਸੀਂ ਜਿਸਨੂੰ ਅਨੇਕਤਾ ਵਜੋਂ ਵੇਖਦੇ ਹਾਂ, ਉਹ ਅਸਲ ਵਿਚ ਇਕੋ ਹੀ ਊਰਜਾ ਵਿਚੋਂ ਉਤਪੰਨ ਹੋਏ ਵੱਖਰੇ-ਵੱਖਰੇ ਰੂਪ ਹਨ। ਏਕਮ ਦਾ ਸਿਧਾਂਤ ਪ੍ਰਗਟ ਕਰਦਾ ਹੈ ਕਿ ਧਾਗਾ ਅਤੇ ਬੁਣਿਆ ਹੋਇਆ ਕੱਪੜਾ ਦੋਵੇਂ ਇਕੋ ਹੀ ਸਰੂਪ ਨੂੰ ਸਾਂਝਾ ਕਰਦੇ ਹਨ। ਪਰਮਸਤਾ ਕੋਈ ਲੁਕੀ ਹੋਈ ਤਾਕਤ ਹੀ ਨਹੀਂ, ਸਗੋਂ ਜੀਵਨ ਦੇ ਹਰ ਪੱਖ ਵਿਚ ਵਿਆਪਕ ਹੈ, ਜੋ ਸਾਨੂੰ ਸਭ ਨੂੰ ਏਕਤਾ ਵਿਚ ਜੋੜਦੀ ਹੈ, ਜਿੱਥੇ ਦੋਵੇਂ ਪੱਖ ਇਕੋ ਹੀ ਹਕੀਕਤ ਦੇ ਪ੍ਰਗਟ ਰੂਪ ਹਨ।

ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ ॥
ਫਰੀਦ ਕਹਿੰਦੇ ਹਨ ਕਿ ਸਿਰਜਨਾਤਮਕ ਸਤਾ ਕ੍ਰਿਤ ਦੇ ਅੰਦਰ ਹੀ ਵੱਸਦੀ ਹੈ ਅਤੇ ਸਿਰਜਨਾ ਦੇ ਅੰਦਰ ਹੀ ਸਦਹਾਜ਼ਰ ਸਰਬਵਿਆਪੀ ਸਤਾ ਨਿਵਾਸ ਕਰਦੀ ਹੈ। ਇਹ ਪਰਸਪਰ ਅੰਤਰਸੰਬੰਧਤਾ ਦੇ ਸਿਧਾਂਤ ਨੂੰ ਪ੍ਰਗਟ ਕਰਦਾ ਹੈ, ਜਿੱਥੇ ਕਰਤਾ ਅਤੇ ਕ੍ਰਿਤ ਵਿਚਕਾਰਲਾ ਭੇਦ ਮਿਟ ਜਾਂਦਾ ਹੈ ਅਤੇ ਸਭ ਕੁਝ ਇਕੋ ਹੀ ਹੋਂਦ ਦੇ ਰੂਪ ਵਿਚ ਰਮਿਆ ਹੋਇਆ ਮਹਿਸੂਸ ਹੁੰਦਾ ਹੈ।

ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ ॥੭੫॥
ਅਸੀਂ ਕਿਸਨੂੰ ਬੁਰਾ-ਭਲਾ ਕਹਿ ਸਕਦੇ ਹਾਂ ਜਦੋਂ ਕਿ ਉਸ ਇਕ ਸਤਾ, ਸਰਵ-ਵਿਆਪੀ ਹਕੀਕਤ ਤੋਂ ਬਾਹਰਾ ਕੁਝ ਵੀ ਨਹੀਂ ਹੈ? ਇਹ ਭਾਵ ਕਿਸੇ ਪ੍ਰਤੀ ਫੈਸਲਾ ਦੇਣ ਵਾਲੀ ਧਾਰਨਾ ਨੂੰ ਚੁਣੌਤੀ ਦਿੰਦਾ ਹੈ; ਕਿਸੇ ਵੀ ਹਿੱਸੇ ਦੀ ਆਲੋਚਨਾ ਕਰਨਾ, ਅਸਲ ਵਿਚ, ਦੈਵੀ ਸਤਾ ਦੀ ਆਲੋਚਨਾ ਕਰਨਾ ਹੀ ਹੈ, ਕਿਉਂਕਿ ਇਸ ਏਕਤਾ ਤੋਂ ਇਲਾਵਾ ਕੋਈ ਵੀ ਹਸਤੀ ਮੌਜੂਦ ਨਹੀਂ ਹੈ। (੭੫)

ਤੱਤ: ਗੁਰੂ ਅਰਜਨ, ਸ਼ੇਖ ਫ਼ਰੀਦ ਦੇ ਇਸ ਸੁਝਾਅ ਦੀ ਪੁਸ਼ਟੀ ਕਰਦੇ ਹਨ ਕਿ ਕਿ ਜਦ ਅਸੀਂ ਹੋਂਦ ਦੇ ਸਰੋਤ ਨੂੰ ਸਮੁਚੀ ਕ੍ਰਿਤ ਵਿਚ ਵਿਆਪਕ ਜਾਣਦੇ ਹਾਂ ਅਤੇ ਕ੍ਰਿਤ ਨੂੰ ਵੀ ਉਸ ਦੇ ਅੰਦਰ ਰਮਿਆ ਹੋਇਆ ਵੇਖਦੇ ਹਾਂ, ਤਦ "ਦੂਜੇਪਣ" ਦੀ ਭਾਵਨਾ ਢਿੱਲੀ ਪੈਣ ਲੱਗਦੀ ਹੈ। ਇਸ ਨਜ਼ਰੀਏ ਤੋਂ ਕਿਸੇ ਨੂੰ ਮਾੜਾ ਜਾਂ ਹੀਣ ਕਹਿਣਾ ਤਰਕ ਸੰਗਤ ਨਹੀਂ ਜਾਪਦਾ, ਸਗੋਂ ਇਕ ਸੀਮਿਤ ਸੋਚ ਦੀ ਪ੍ਰਤੀਕਿਰਿਆ ਜਿਹਾ ਲੱਗਦਾ ਹੈ, ਜੋ ਤੰਗਦਿਲੀ ਵਾਲੇ ਨਜ਼ਰੀਏ ਤੋਂ ਪੈਦਾ ਹੁੰਦੀ ਹੈ, ਕਿਉਂਕਿ ਅੰਤਰੀਵ ਤੌਰ 'ਤੇ ਅਸੀਂ ਸਾਰੇ ਇਕੋ ਜਹੀ ਸਮਾਨਤਾ ਸਾਂਝੀ ਕਰਦੇ ਹਾਂ ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **[OnenessInDiversity.com]**

ਈਮੇਲ: **onenessindiversityfoundation@gmail.com**